ੴ
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ ॥

ਗਜਾਉਣ ਜੋਗ ਜੈਕਾਰਾ

ਜਗਤ ਗੁਰੂ ਸ੍ਰੀ ਗੁਰੂ ਨਾਨਕ ਦਸਮੇਸ਼ ਜੀ ਸਾਰੇ ਜਗਤ ਦਾ ਉਧਾਰ ਕਰਨ ਆਏ। ਸਾਰੇ ਦੇਸ਼ਾਂਤਰਾਂ ਨੂੰ ਉਭਾਰਨ ਹਿਤ ਦਸਾਂ ਗੁਰੂ ਜੋਤਿ-ਜਾਮਿਆਂ ਵਿਚ ਅਵਤਾਰ ਧਾਰਿਆ। ਇਕ ਅਕਾਲ ਪੁਰਖ ਦਾ ਨਾਮ ਜਪਾਇਆ। ਇਕੋ ਅਕਾਲ ਦੀ ਉਪਾਸ਼ਨਾ ਦਿੜ੍ਹਾਈ ਵਿਚਾਰੀ। ਇਕੋ ਅਕਾਲ ਦੇ ਨਾਮ ਦੀ ਸੱਚੀ ਉਪਾਸ਼ਨਾ ਦਾ ਸੱਚਾ ਢੋਆ ਨਵਖੰਡ ਪ੍ਰਿਥਵੀ ਵਿਖੇ ਢੋਇ ਕੇ ਚਾਰ ਕੁੰਟ ਚੌਦਾਂ ਭਵਨਾਂ ਨੂੰ ਗੁਰੂ ਸਾਹਿਬ ਨੇ ਤਾਰਿਆ, ਉਭਾਰਿਆ, ਉਧਾਰਿਆ। ਇਸ ਡਿਸਕਵਰ (Discover) ਹੋ ਚੁਕੇ ਭਾਰਤ ਖੰਡ ਵਿਖੇ ਹੀ ਨਹੀਂ, ਬਲਕਿ ਅਨੇਕਾਂ ਅਤੇ ਅਣਗਿਣਤ ਗੁਪਤ ਪਰਗਟ ਦੀਪਾਂ, ਲੋਆਂ, ਖੰਡਾਂ, ਬ੍ਰਹਿਮੰਡਾਂ, ਅਣਦਿਸਦੇ ਮੰਡਲਾਂ ਮਈ ਸ੍ਰਿਸ਼ਟੀਆਂ ਵਿਖੇ ਆਪਣੇ ਸੱਚੇ ਮਿਸ਼ਨ ਦਾ ਡੰਕਾ ਬਜਾਇਆ, ਨਾਮ ਦਾ ਖੰਡਾ ਖੜਕਾਇਆ ਅਤੇ ਅਕਾਲ ਨੈਸਾਨੀ ਝੰਡਾ ਝੁਲਾ-ਇਆ, ਇਕ ਅਕਾਲ ਦੇ ਨਾਮ ਦਾ ਹੀ ਜੈਕਾਰਾ ਗਜਾਇਆ। ਸਰਬ ਦੇਸਾਂ ਦੇ ਸਾਂਝੇ ਮਾਲਕ, ਸਭ ਮਾਲਕਾਂ ਦੇ ਸਾਂਝੇ ਪ੍ਰਤਿਪਾਲਕ, ਇਕ ਅਕਾਲ ਪੁਰਖ ਦਾ ਜੈ-ਜੈਕਾਰ ਗਜਾਇਆ।

ਇਸ ਜੈ-ਜੈਕਾਰੀ ਸਰਬੱਗ ਜੈਕਾਰੇ ਦੇ ਸਾਹਮਣੇ ਹੋਰ ਸਰਬੱਤਰ ਅਲਪੱਗ ਜੈਕਾਰੇ ਹੇਚ ਹਨ, ਸਭ ਮਾਨਵੀ ਕਿਰਤ ਦੇ ਫਿਰਕੂ ਜੈਕਾਰੇ ਹਨ। "ਜੈ ਰਾਮ ਜੀ ਕੀ" ਸ੍ਰੀ ਰਾਮ ਚੰਦਰ ਜੀ ਦੇ ਉਪਾਸ਼ਕਾਂ ਦਾ ਫਿਰਕੂ ਜੈਕਾਰਾ ਹੈ। "ਜੈ ਸੀਤਾ ਰਾਮ" ਹੋਰ ਭੀ ਤੰਗ ਦਾਇਰੇ ਵਾਲੇ ਫਿਰਕੂਆਂ ਦਾ ਜੈਕਾਰਾ ਹੈ। "ਰਾਧੇ ਕ੍ਰਿਸ਼ਨ ਕੀ ਜੈ" ਸ੍ਰੀ ਕ੍ਰਿਸ਼ਨ ਜੀ ਅਤੇ ਰਾਧਕਾਂ ਦੇ ਫ਼ਿਰਕੂ ਉਪਾਸ਼ਕਾਂ ਦਾ ਜੈਕਾਰਾ ਹੈ। ਫ਼ੀ ਜ਼ਮਾਨੀਏ ਮਹਾਤਮਾ ਗਾਂਧੀ ਜੀ ਕੀ ਜੈ ਵਾਲਾ ਜੈਕਾਰਾ ਅਤੇ ਇਸ ਪ੍ਰਕਾਰ ਦੇ ਹੋਰ ਮਹਾਤਮਾਵਾਂ ਦੇ ਜੈਕਾਰੇ, ਭਿੰਨ ਭਿੰਨ ਸਿਆਸੀ ਲੀਡਰਾਂ ਦੇ ਨਾਵਾਂ ਦੇ ਜੈਕਾਰੇ ਤਾਂ ਨਿਰੋਲ ਮੜ੍ਹਾ-ਪ੍ਰਸਤੀ ਵਾਲੇ ਨਿਹਾਇਤ ਹੀ ਅਲਪੱਗ ਫਿਰਕੂ ਜੈਕਾਰੇ ਹਨ। ਆਲਮਗੀਰ ਸਰਬੱਗਤਾ ਅਤੇ ਮਹੱਤਤਾ ਵਾਲੇ ਇਕ ਅਕਾਲ ਦੇ ਜੈਕਾਰੇ ਸਮਸਰ (ਤੁੱਲ) ਹੋਰ ਕੋਈ ਜੈਕਾਰਾ ਨਹੀਂ, ਸਭ ਅਹੰਗਤਾ-ਮਈ ਫਿਰਕੂ ਜੈਕਾਰੇ ਹਨ।

'ਅਤਿਅੰਤ ਅਫ਼ਸੋਸ ਦੀ ਗੱਲ ਕਿ ਆਨ-ਮਤੀਆਂ ਦੇ ਦੇਖਾ ਦੇਖੀ ਅਤੇ ਰੀਸਾ ਰੀਸੀ ਇਸ ਪ੍ਰਕਾਰ ਦੇ ਫ਼ਿਰਕੂ ਜੈਕਾਰਿਆਂ ਵਾਲੀ ਬੀਮਾਰੀ ਸਾਡੇ ਗੁਰਮਤਿ ਅਵਲੰਬੀ ਖਾਲਸਾ ਪੰਥ ਦੇ ਲੀਡਰ-ਭੂਸ਼ਕੀ (ਲੀਡਰਾਂ ਵਾਂਗ ਸਜੇ ਫਬੇ ਹੋਏ) ਨਮਾਇੰਦਿਆਂ ਵਿਖੇ ਭੀ ਆ ਵੜੀ ਹੈ। ਪਹਿਲੀ ਬੀਮਾਰੀ ਤਾਂ ਲੋਥ-ਭੂਸ਼ਨੀ ਲੀਡਰਾਂ ਦੇ ਜਲੂਸ ਕੱਢਣ ਦੀ ਅਸਾਡੇ ਪੰਥ ਅਵਲੰਬੀਆਂ ਦੇ ਭਿੰਨ ਭਿੰਨ ਬਣ ਬੈਠੇ ਪਾਟੋ-ਧਾੜੀ ਗਰੁਪਾਂ ਵਿਚ ਆ ਪਈ ਸੀ, ਮਹਿਜ਼ ਅਨਮੱਤੀਆਂ ਦੀ ਕੁਚਾਲੇ ਚਲ ਕੇ। ਜਲੂਸ ਲੋਥਕੀ ਬੀਮਾਰੀ ਦੇ ਨਾਲੋਂ ਨਾਲ ਹੀ ਲੀਡਰ-ਭੂਸ਼ਕੀ ਜੈਕਾਰਿਆਂ ਦੀ ਇੱਲਤ ਭੀ ਆ ਚਿੰਮੜੀ। ਜਦੋਂ ਇਕ ਗਰੁਪ ਦੇ ਲੀਡਰ ਦੀ ਜਲੂਸ-ਜੈਕਾਰੀ-ਸਲਾਮੀ ਹੋਣ ਲੱਗੀ ਤਾਂ ਦੂਜੇ ਗਰੁਪ ਦੇ ਲੀਡਰਾਂ ਨੇ ਓਦੂੰ ਵਧ ਕੇ ਰੀਸ ਦੀ ਘੜੀਸ ਕੀਤੀ। 'ਸਤਿ ਸ੍ਰੀ ਅਕਾਲ' ਦਾ ਆਦਰਸ਼ਕ ਜੈਕਾਰਾ ਛੱਡ ਕੇ ਆਪੋ ਆਪਣੀ ਜੈਕਾਰ ਕਰਾਉਣ ਲਗ ਪਏ। ਬਾਵਲੇ ਲੋਕ ਫੋਕੀ ਵਡਿਆਈ ਮੁਈ ਕੁਲਹਾਂ ਦੇਣ ਵਾਲੇ ਅਤੇ ਲੈਣ ਵਾਲੇ ਓਦੂੰ ਭੀ ਭਾਰੇ ਨਿਰਲੱਜ ਯਥਾ ਗੁਰਵਾਕ:— "ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ"* ਆਪਣੀ ਚੂੰਹੰਗਤਾ ਨਾਲ ਫੁੱਲਿਆ ਹੋਇਆ ਚੂਹਾ ਅਜੇ ਮਾਣ ਨਹੀਂ ਸੀ, ਅਫਰੇਮੇ ਨਾਲ ਆਫ਼ਰੇ ਹੋਏ ਚੂਹੇ ਨੂੰ ਫੋਕੀ ਵਡਿਆਈ ਦਾ ਛੱਜ ਚਿੰਮੜ ਗਿਆ ਹੈ, ਉਹ ਖੱਡ ਵਿਚ ਕਿਵੇਂ ਵੜੇ, ਉਹ ਤਾਂ ਅੱਗੇ ਹੀ ਮਿਉਂਦਾ ਨਹੀਂ ਸੀ—"ਚੂਹਾ ਖਡ ਨ ਮਾਵਈ ਤਿਕੁਲਿ ਬੰਨ੍ਹੈ ਛਜ।"*

ਫ਼ੇਰ ਇੱਕ ਹੋਰ "ਜ਼ਿੰਦਾ ਬਾਦ" ਅਵਾਜ਼ੇ ਦਾ ਉਧਮੂਲ ਕਮਿਊਨਿਸਟੀ ਨੇਤਿਆਂ ਵਲੋਂ ਚੱਲਿਆ। ਉਹ ਭੀ ਰੀਸੋ ਰੀਸੀ ਅਸਾਡੇ ਪੰਥ ਅੰਦਰ ਆ ਘੁਸੜਿਆ। ਇਸ ਅਵਾਜ਼ੇ ਦੀ ਐਸੀ ਭਰਮਾਰ ਪਈ ਕਿ ਸਾਰੇ ਫ਼ਿਰਕੂ ਜੈਕਾਰੇ ਮਾਤ ਹੋ ਗਏ। ਜਿਧਰ ਵੇਖੋ ਅਲਪੱਗ ਆਗੂਆਂ ਅਤੇ ਜਣੇ ਖਣੇ ਲੀਡਰਾਂ ਨੂੰ ਜ਼ਿੰਦਾ ਬਾਦ ਦੀਆ ਅਲਾਹੁਣੀਆਂ ਮਿਲਣ ਲੱਗ ਪਈਆਂ ਹਨ। ਤਿਸ ਦੇ ਮੁਕਾਬਲੇ ਵਿਚ ਵਿਰੋਧੀ ਜਮਾਇਤ ਨੂੰ, ਕੱਝੀ ਸਰਕਾਰ ਨੂੰ 'ਮੁਰਦਾ ਬਾਦ' ਦੀਆਂ ਝੰਡੀਆਂ ਦਿਖਾਉਣ ਲੱਗ ਗਏ। ਜਿਹੜੀ ਕਾਂਗਰਸੀ ਜਮਾਇਤ ਗੋਰਾ-ਸ਼ਾਹੀ ਆਟੋ ਕਰੇਸੀ (ਇਕ-ਪੁਰਖਾ ਰਾਜ) ਨੂੰ 'ਮੁਰਦਾ ਬਾਦ' ਦੀਆਂ ਸਲਵਾਤਾਂ ਸੁਣਾਉਂਦੀ ਸੀ ਅਤੇ ਹੁਣ ਤਾਈਂ ਸੁਣਾਉਂਦੀ ਰਹੀ ਹੈ, ਉਸੇ ਕਾਂਗਰਸੀ ਜਮਹੂਰੀਅਤ ਵਾਲੀ ਸੱਜਰੀ ਬਣੀ ਸਰਕਾਰ (ਗਵਰਨਮੈਂਟ) ਨੂੰ ਹੀ ਹੁਣ ਉਹੀ ਸਲਵਾਤਾਂ "ਕਾਂਗਰਸ ਮੁਰਦਾ ਬਾਦ" ਵਿਰੋਧੀਆਂ ਵਲੋਂ ਮਿਲ ਰਹੀਆਂ ਹਨ। ਗੱਲ ਕੀ, ਇਹ ਬਿਮਾਰੀ ਐਸੀ ਫੈਲੀ ਹੈ ਕਿ ਦਿਨੋ ਦਿਨ ਛੂਤ ਦੇ ਰੋਗ ਵਾਂਗੂ ਵਧਦੀ ਹੀ ਜਾਂਦੀ ਹੈ। ਚਾਹੇ ਕਿਤਨੀਆਂ ਹੀ ਵਡੀਆਂ ਤੋਂ ਵਡੀਆਂ ਸ਼ੁਹਰਤ ਕਰਕੇ ਵੱਡੀਆਂ ਵਿਅਕਤੀਆਂ ਹੋਣ, ਆਖ਼ਰ ਤੇ ਅਲਪੱਗ ਹਸਤੀਆਂ ਹ

---

*ਸਲੋਕ ਮ: ੧, ਵਾਰ ਮਲਾਰ, ਪੰਨਾ ੧੨੮੬

ਹਨ। ਜਿਨ੍ਹਾਂ ਨੇ ਓੜਕ ਇਸ ਦੁਨੀਆ ਵਿਚ ਕਾਇਮ ਦਾਇਮ ਰਹਿਣਾ ਹੀ ਨਹੀਂ, ਉਨ੍ਹਾਂ ਨੂੰ ਜ਼ਿੰਦਾ ਬਾਦ ਆਖਿਆਂ, ਲੋਕਾਂ ਦੇ ਮੂੰਹੋਂ ਭਾਖਿਆਂ, ਕਿਹੜੇ ਜ਼ਿੰਦਾ ਬਾਦ ਮਿਹਰੰਮਤ ਦੇ ਸਦਜੀਵਨੀ ਟੌਰੇ ਲੱਗ ਜਾਂਦੇ ਹਨ। "ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥"* ਸ੍ਰੀ ਦਸਮੇਸ਼ ਜੀ ਨੇ ਕਿਆ ਖ਼ੂਬ ਵਾਕ ਸ੍ਰੀ ਮੁਖ ਤੋਂ ਉਚਾਰਨ ਕੀਤੇ ਹਨ :—

ਸਵਯਾ—ਕਾਲ ਹੀ ਪਾਇ ਭਯੋ ਭਗਵਾਨ
ਸੁ ਜਾਗਤ ਯਾ ਜਗ ਜਾ ਕੀ ਕਲਾ ਹੈ ॥
ਕਾਲ ਹੀ ਪਾਇ ਭਯੋ ਬ੍ਰਹਮਾ ਸਿਵ
ਕਾਲ ਹੀ ਪਾਇ ਭਯੋ ਜੁਗੀਆ ਹੈ ॥
ਕਾਲ ਹੀ ਪਾਇ ਸੁਰਾਸੁਰ ਗੰਧ੍ਰਬ
ਜੱਛ ਭੁਜੰਗ ਦਿਸਾ ਬਿਦਿਸਾ ਹੈ ॥
ਔਰ ਸੁਕਾਲ ਸਭੈ ਬਸ ਕਾਲ ਕੇ
ਏਕ ਹੀ ਕਾਲ ਅਕਾਲ ਸਦਾ ਹੈ ॥੯੪॥

ਬਚਿਤ੍ਰ ਨਾਟਕ, ਅਧਿਆਇ ੧

ਤਾਂਤੇ ਇਕ ਅਕਾਲ ਪੁਰਖ ਦਾ ਜੈਕਾਰਾ, "ਸਤਿ ਸ੍ਰੀ ਅਕਾਲ" ਵਾਲਾ ਜੈਕਾਰਾ ਹੀ ਗਜਾਉਣ ਜੋਗ ਸੱਚਾ ਜੈਕਾਰਾ ਹੈ। ਹੋਰ ਸਭ ਕੱਚੇ ਅਤੇ ਕੱਚ-ਮਤੀਏ ਜੈਕਾਰੇ ਹਨ। "ਕ੍ਰਿਸ਼ਨ ਜੀ ਕੀ ਜੈ" ਜਾਂ "ਰਾਮ ਜੀ ਕੀ ਜੈ" ਵਾਲੇ ਜੈਕਾਰੇ ਅਤੇ ਇਸ ਪ੍ਰਕਾਰ ਦੇ ਹੋਰ ਜੈਕਾਰੇ ਕੁਛ ਅਹਿਮੀਅਤ ਹੀ ਨਹੀਂ ਰੱਖਦੇ। ਯਥਾ ਸ੍ਰੀ ਦਸਮੇਸ਼ ਮੁਖਵਾਕ :—

ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਇ ॥
ਕਿਤੇ ਰਾਮ ਸੇ ਮੇਟਿ ਡਾਰੇ ਉਪਾਏ ॥
ਮਹਾਂ ਦੀਨ ਕਿਤੇ ਪ੍ਰਿਥੀ ਮਾਂਝ ਹੂਏ ॥
ਸਮੈ ਆਪਨੀ ਆਪਨੀ ਅੰਤ ਮੂਏ ॥੨੭॥
ਜਿਤੇ ਔਲੀਆ ਅੰਬੀਆ ਹੋਇ ਬੀਤੇ ॥
ਤਿਤਿਓ ਕਾਲ ਜੀਤਾ, ਨਾ ਤੇ ਕਾਲ ਜੀਤੇ ॥
ਜਿਤੇ ਰਾਮ ਸੇ ਕ੍ਰਿਸਨ ਹੋਇ ਬਿਸ਼ਨ ਆਏ ॥
ਤਿਤਿਓ ਕਾਲ ਖਪਿਓ ਨ ਤੇ ਕਾਲ ਘਾਏ ॥੨੮॥

ਬਚਿਤ੍ਰ ਨਾਟਕ, ਅਧਿਆਇ ੧

ਇਸ ਸ੍ਰੀ ਦਸਮੇਸ਼ ਮਹਾਂਵਾਕ ਦੀ ਰੌਸ਼ਨੀ ਤਲੇ ਜਦ ਵਡੇ ਵਡੇ ਔਲੀਆ ਅੰਬੀਆ ਅਤੇ ਅਵਤਾਰ ਸਭ ਬਿਨਾਸਮਾਨ ਹਨ, ਤਾਂ ਉਨ੍ਹਾਂ ਦੇ ਨਾਮਾਂ ਤੇ ਅਲਪੱਗ ਪੁਰਸ਼ਾਂ ਦੇ ਰਚੇ ਅਲਪੱਗ ਜੈਕਾਰੇ ਕੀ ਹੈਸੀਅਤ ਰਖਦੇ ਹਨ ? ਜਦ ਉਪਰ ਦਸੇ ਮਹਾਂ

* ਸੂਹੀ ਮ: ੩,॥੧॥ ਪੰਨਾ ੭੫੫

ਅਵਤਾਰ ਨਹੀਂ ਰਹੇ ਤਾਂ ਅੱਜ ਕੱਲ੍ਹ ਦੇ ਅਲਪੱਗ ਹਸਤੀ ਵਾਲੇ ਆਗੂ ਅਤੇ ਲੀਡਰ ਕਦ ਅਸਥਿਰ ਰਹਿ ਸਕਦੇ ਹਨ ਅਤੇ ਉਨ੍ਹਾਂ ਨੂੰ ਜ਼ਿੰਦਾ ਬਾਦ ਆਖਣਾ, ਜੈਕਾਰਿਆਂ ਵਿਚ ਭਾਖਣਾ ਕੀ ਮਾਅਨੇ ਰੱਖਦਾ ਹੈ।

ਆਲਮਗੀਰ ਸਰਬੱਗਤਾ ਵਾਲਾ ਜੈਕਾਰਾ ਇਕੋ "ਸਤਿ ਸ੍ਰੀ ਅਕਾਲ" ਦਾ ਹੀ ਜੈਕਾਰਾ ਹੈ, ਜੋ ਕਿ ਅਕਾਲ ਪੁਰਖ ਸਰਬ-ਦੇਸ਼-ਦੇਸ਼ਾਂਤਰੀ ਵਿਆਪਕ ਸਰਬ ਸ੍ਰਿਸ਼ਟੀ ਦਾ ਰੱਛਕ ਹੈ। "ਆਦਿ ਸਚੁ, ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ"* ਵਾਲੀ ਅਮਰ ਅਤੇ ਅਟੱਲ ਪਦਵੀ ਕੇਵਲ ਅਕਾਲ ਪੁਰਖ ਤੇ ਹੀ ਘਟਦੀ ਹੈ। ਤਾਂ ਤੇ ਕੇਵਲ ਸਤਿ ਸ੍ਰੀ ਅਕਾਲ ਮਈ ਜੈ-ਜੈਕਾਰ ਹੀ ਸਦਾ ਅਟੱਲ ਤੇ ਅਮਰ ਸਰੂਪ ਹੈ।

ਜੋ ਇਸ ਅਜ਼ਲ ਅਬਦੀ ਸਦਾ ਅਮਰ ਜੈਕਾਰੇ ਨੂੰ ਫ਼ਿਰਕੂ ਜੈਕਾਰਾ ਦਸਦੇ ਹਨ, ਉਹ ਖ਼ੁਦ ਫ਼ਿਰਕੂ ਹਨ। ਟੋਭੇ ਦੇ ਡੱਡੂ ਵਾਂਗ ਉਨ੍ਹਾਂ ਨੂੰ ਟੋਭੇ ਦੇ ਕੰਢਿਆਂ ਤੋਂ ਬਾਹਰ ਹੋਰ ਕੁਝ ਸੁਝਦਾ ਹੀ ਨਹੀਂ । "ਜੈ ਹਿੰਦ" ਦਾ ਜੈਕਾਰਾ ਨਿਰਾ ਅਲਪੱਗ ਫ਼ਿਰਕੂਆਂ ਦੀ ਘਾੜਤ ਹੈ। ਜਿਵੇਂ ਹਿੰਦ ਵਾਸੀਆਂ ਨੇ "ਜੈ ਹਿੰਦ" ਦਾ ਜੈਕਾਰਾ ਘੜ ਲਿਆ, ਏਸੇ ਤਰ੍ਹਾਂ ਹੋਰ ਦੇਸਾਂ ਦੇ ਵਾਸੀ ਆਪੋ ਆਪਣੇ ਦੇਸਾਂ ਦੇ ਜੈਕਾਰੇ ਘੜ ਲੈਣ ਤਾਂ ਇਹ ਉਨ੍ਹਾਂ ਦੇਸ਼ਾਂ ਦੇ ਵਡੇ ਫ਼ਿਰਕੂ ਜੈਕਾਰੇ ਤਾਂ ਕਹਾ ਸਕਦੇ ਹਨ, ਪਰ ਇਹ ਸਦਾ ਅਸਥਿਰ ਰਹਿਣ ਵਾਲੇ ਸਰਬੱਗ ਤੇ ਆਲਮਗੀਰ ਜੈਕਾਰੇ ਹਰਗਿਜ਼ ਨਹੀਂ ਹੋ ਸਕਦੇ, ਕਿਉਂਕਿ ਕਿਸੇ ਭੀ ਦੇਸ਼ ਨੇ ਅਤੇ ਕਿਸੇ ਭੀ ਦੇਸ਼ ਦੇ ਰਾਜੇ ਨੇ ਸਦਾ ਅਟੱਲ, ਅਸਥਿਰ ਅਤੇ ਅਮਰ ਨਹੀਂ ਰਹਿਣਾ। "ਜੈ ਹਿੰਦ" ਕਹਿਣ ਕਹਾਉਣ ਦੇ ਚਾਰ ਦਿਨ ਦੇ ਚਿਤ-ਪਰਚਾਵੇ ਹੀ ਹਨ।

ਸਾਨੂੰ ਬੜਾ ਸ਼ੋਕ ਹੈ ਉਹਨਾਂ ਪੁਰਸ਼ਾਂ ਦੀ ਬੁਧੀ ਉਤੇ, ਜੋ ਸਿੱਖੀ ਦਾ ਜਾਮਾ ਧਾਰ ਕੇ "ਜੈ ਹਿੰਦ" ਦੇ ਜੈਕਾਰੇ ਦੀ ਪੂਛ ਫੜੀ ਫਿਰਦੇ ਹਨ। ਉਹ ਦਰ-ਅਸਲ ਬਹੁ-ਰੂਪੀਏ ਸਿੰਘ ਹਨ। ਹਿੰਦੁਸਤਾਨ ਪ੍ਰਸਤ, ਜੈ ਹਿੰਦ ਦੀ ਧਰਤੀ-ਪ੍ਰਸਤ, ਹਿੰਦ ਰਾਜ ਦੀ ਨਿਜ ਘੜੀ ਮੂਰਤੀ ਦੇ ਬੁੱਤ-ਪ੍ਰਸਤ ਤਾਂ ਉਹ ਕਹਾ ਸਕਦੇ ਹਨ, ਪਰ ਉਹ ਸੱਚੇ ਸਿਆਸਤਦਾਨ ਸਿੱਖ ਹਰਗਿਜ਼ ਨਹੀਂ ਕਹਾ ਸਕਦੇ। ਹਿੰਦ ਦੀ ਆਜ਼ਾਦੀ 'ਜੈ ਹਿੰਦ' ਦੇ ਅਵਾਜ਼ਿਆਂ ਨਾਲ ਕਦੇ ਨਹੀਂ ਆ ਸਕਦੀ। ਇਹ ਤਾਂ ਇਕ ਅਕਾਲ ਪ੍ਰਸਤਾਂ ਦੇ ਸੂਰਬੀਰਤਾ ਭਰੇ "ਸਤਿ ਸ੍ਰੀ ਅਕਾਲ" ਦੇ ਜੈਕਾਰਿਆਂ ਦੀ ਧੁਨਕਾਰ, ਗੁੰਜਾਰ ਅਤੇ ਜੈ-ਜੈਕਾਰ ਨਾਲ ਹੀ ਆ ਸਕਦੀ ਹੈ। ਐਸੇ ਗੁਰੂ ਘਰ ਤੋਂ ਗੁਮਰਾਹ ਹੋ ਚੁਕੇ ਕਚ-ਘਰੜ ਸਿਖਾਂ ਨੂੰ ਸਤਿਗੁਰੂ ਸੁਮੱਤ ਬਖਸ਼ੇ। 'ਜੈ ਹਿੰਦ' ਦਾ ਜੈਕਾਰਾ ਕਚ-ਘਰੜੀਆਂ ਦੀ ਹੀ ਕਾਢ ਹੈ। 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਸਾਰੇ ਮੁਲਕਾਂ, ਦੇਸਾਂ ਅਤੇ ਕੌਮਾਂ ਉਤੇ ਹਾਵੀ ਹੈ।

---

*ਜਪੁਜੀ, ਸਲੋਕ ੧

ਯਾਦ ਰਖੋ ਕਿ ਏਹਨਾਂ ਸਾਰਿਆਂ ਗੁਰੂ ਘਰ ਤੋਂ ਬੇਮੁਖ ਹੋਇਆਂ ਨੇ ਓੜਕ ਆ ਕੇ ਗੁਰੂ ਪੰਥ ਦੀ ਸ਼ਰਨ ਲੈਣੀ ਹੈ। ਇਹ ਗੱਲ ਪੱਥਰ ਤੇ ਲਕੀਰ ਵਾਲੀ ਹਕੀਕਤ ਜਾਣੋ ਕਿ ਇਹਨਾਂ ਸਿੱਖ ਜੈ ਹਿੰਦੀਆਂ ਨੇ, ਆਜ਼ਾਦ ਹਿੰਦੀ ਨਵ 'ਜੈ ਹਿੰਦੀਆਂ' ਨੇ, ਏਹਨਾਂ ਫੋਕੇ ਹੋਕਰੇ ਮਾਰਨ ਵਾਲੇ 'ਜ਼ਿੰਦਾ ਬਾਦੀਆਂ' ਨੇ, ਏਹਨਾਂ ਪੰਥ ਮੁਨਹਰਫ਼ 'ਦੋਇਮ-ਪੰਥੀਆਂ' ਨੇ ਖੁਆਰ ਹੋ ਕੇ ਮਿਲਣਾ ਹੈ। ਉਨ੍ਹਾਂ ਦੋਇਮ ਪੰਥੀਆਂ ਨੂੰ, ਜਿਨ੍ਹਾਂ ਦਾ ਅਕੀਦਾ ਹੀ ਅੱਵਲ ਪੰਥ ਉਤੇ ਹੈ ਹੀ ਨਹੀਂ, ਲਾਜ ਨਹੀਂ ਆਉਂਦੀ ਕਿ ਗੁਰੂ ਪੰਥ ਦੇ ਮੁਖੀ ਬਣ ਬਣ ਬਹਿਣ !! ਉਨ੍ਹਾਂ ਦਾ ਕੀ ਹੱਕ ਹੈ ਕਿ ਗੁਰੂ ਪੰਥ ਦੀ ਮੁਖੀ ਸੰਸਥਾ ਉਤੇ ਮੁਫ਼ਤ ਦਾ ਜੱਫਾ ਮਾਰ ਕੇ ਆਕੀ ਹੋ ਜਾਣ। ਤਿਨ੍ਹਾਂ ਨੂੰ ਫੋਕੀ ਸ਼੍ਰੋਮਣਤਾ ਦੇ ਮੁਖੀ-ਪਣ ਤੋਂ ਅਲਹਿਦਾ ਕਰ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਨਵੇਂ ਉਗੇ ਹੋਏ ਅਤੇ ਉਘੇ ਹੋਏ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੇ ਵਿਰੁੱਧ ਬਾਘੀਆਂ ਪਾਉਣਹਾਰੇ 'ਜੈ ਹਿੰਦ' ਦੇ ਜੈਕਾਰਿਆਂ ਦੇ ਮੋਹਰੀਆਂ ਅਤੇ ਕਸ ਕਸ ਟਾਹਰਾਂ ਮਾਰਨ ਵਾਲਿਆਂ ਨੂੰ ਜ਼ਰਾ ਆਪਣੀ ਬੁੱਕਲ ਵਿਚ ਮੂੰਹ ਪਾ ਕੇ ਝਾਤੀ ਮਾਰ ਲੈਣੀ ਚਾਹੀਦੀ ਹੈ ਕਿ ਜੋ ਮਸ਼ਹੂਰੀ ਉਨ੍ਹਾਂ ਦੇ ਉਘੇ ਹੋਣ ਦੀ ਹੋਈ ਹੈ, ਉਹ ਕਿਸ ਦੀ ਬਦੌਲਤ ਹੋਈ ਹੈ। ਇਹ ਪੰਥਕ ਅਖ਼ਬਾਰਾਂ ਦੀ ਹਮੈਤ ਦੇ ਤੁਫ਼ੈਲ ਹੀ ਉਨ੍ਹਾਂ ਨੂੰ ਪ੍ਰਸਿਧਤਾ ਪ੍ਰਾਪਤ ਹੋਈ ਹੈ, ਨਹੀਂ ਤਾਂ ਉਨ੍ਹਾਂ ਨੂੰ ਕੌਣ ਜਾਣਦਾ ਸੀ ਕਿ ਉਹ ਕਿਸ ਬਾਗ਼ ਦੀ ਮੂਲੀ ਹੈਨ।

ਜਿਨ੍ਹਾਂ ਕਾਂਗਰਸੀਆਂ ਦੀ ਉਹ ਮੁਦ ਤੋਂ ਅਕੀਦਤ ਜਮਾਉਂਦੇ ਆਏ ਹਨ, ਉਹਨਾਂ ਹੀ ਕਾਂਗਰਸ-ਮੁਖੀਆਂ ਨੇ ਉਨ੍ਹਾਂ ਨੂੰ ਠੁਕਰਾ ਦਿਤਾ ਸੀ, ਏਹਨਾਂ ਦੀ ਕੋਈ ਬਾਤ ਨਹੀਂ ਸੀ ਪੁਛਦਾ। ਜੈ-ਹਿੰਦੀਆਂ, ਹਾਂ ਹਾਂ ਹਿੰਦੂ ਫ਼ਿਰਕੇ ਦੇ ਸਾਰੇ ਅਖ਼ਬਾਰਾਂ ਨੇ ਸਿਰਫ਼ ਏਸ ਕਰਕੇ ਧਲੀ (ਠੁਕ) ਨਹੀਂ ਸੀ ਬੱਝਣ ਦਿਤੀ ਕਿ ਏਹਨਾਂ ਦੀ ਸ਼ਕਲ ਸੂਰਤ ਸਿੱਖਾਂ ਵਾਲੀ ਸੀ, ਨਾਉਂ ਸਿਖਾਂ ਵਾਲੇ ਸਨ। ਏਥੇ ਕੇਵਲ ਏਸੇ ਬੁਗ਼ਜ਼ ਦੇ ਕਾਰਨ ਏਨ੍ਹਾਂ ਦੇ ਮਨ-ਮੰਨੇ ਕਾਂਗਰਸੀਆਂ ਅਤੇ ਕਹਿਵਤੀ (So called) ਕੌਮ-ਪ੍ਰਸਤਾਂ ਨੇ ਏਹਨਾਂ ਨੂੰ ਉੱਕਾ ਹੀ ਪਛਾੜ ਛਡਿਆ ਸੀ। ਇਹ ਆਵਾਜ਼ ਸਿੱਖ ਅਖ਼ਬਾਰਾਂ ਨੇ ਹੀ ਉਠਾਈ ਅਤੇ ਬੜੇ ਧੜੱਲੇ ਨਾਲ ਗੱਜ ਵੱਜ ਕੇ ਉਠਾਈ। ਅਜ਼ਾਦ ਹਿੰਦ ਫ਼ੌਜ ਦੇ ਅਸਲ ਨੇਤਾ ਹਕੀਕੀ ਆਰਗੇਨਾਈਜ਼ਰ (Organiser) ਸਾਡੇ ਹੀ ਸਿੱਖ ਨਾਮ ਦੇ ਗੁਝੇ ਰਤਨ ਹਨ, ਜਿਨ੍ਹਾਂ ਨੂੰ ਛੁਪਾ ਕੇ ਦਬਾ ਕੇ ਰੱਖਣ ਲਈ ਅਨਮਤੀ ਅਖ਼ਬਾਰ ਅੱਡੀ ਚੋਟੀ ਦਾ ਜ਼ੋਰ ਲਾ ਰਹੇ, ਤਾਂ ਕਿ ਉਕਤ ਸਿੱਖ ਮੁਖੀਆਂ ਦੀ ਮਸ਼ਹੂਰੀ ਦੇ ਪੈਰ ਨਾ ਜੰਮ ਜਾਣ। ਜਿਨ੍ਹਾਂ ਦੀ ਬਦੌਲਤ ਮੁੜ ਪ੍ਰਸਿੱਧਤਾ ਪ੍ਰਾਪਤ ਹੋਈ, ਉਹਨਾਂ ਹੀ ਪੰਥ-ਅਕੀਦਤੀਆਂ ਦੀ ਅਕੀਦਤ ਦੇ ਅੱਜ ਉਹ ਕੱਟੜ ਵਿਰੋਧੀ ਬਣ ਬੈਠੇ ਹਨ। ਕੀ ਉਨ੍ਹਾਂ ਦੀ ਇਹ ਅਕ੍ਰਿਤਘਣਤਾ ਨਹੀਂ ? ਤਿਨ੍ਹਾਂ ਨੂੰ ਲਾਜ਼ਮੀ ਹੈ ਕਿ ਉਹ ਆਪਣੀ ਇਸ ਅਕ੍ਰਿਤਘਣਤਾ ਦੀ ਲੀਕ

ਮਿਟਾਉਣ ਲਈ ਮੁੜ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਸਜ ਜਾਣ, ਗੁਰੂ ਕਲਗੀਧਰ ਦੀ ਬਖਸ਼ੀ ਹੋਈ ਰਹਿਣੀ ਬਹਿਣੀ ਸਹਿਣੀ ਅਤੇ ਕਰਨੀ ਦੇ ਪੂਰੇ ਸੂਰੇ ਹੁਕਮ ਅਨਕੂਲੀ ਹੋ ਜਾਣ, ਨਹੀਂ ਤਾਂ ਐਵੇਂ ਉਨ੍ਹਾਂ ਦੇ ਭੜਕੀਲੇ ਅਤੇ ਜੋਸ਼ੀਲੇ ਲੈਕਚਰ ਕੀ ਅਰਥ ਰਖਦੇ ਹਨ, ਸਿਰਫ਼ ਅੱਲ੍ਹੜ ਸਿੱਖ ਪਨੀਰੀ ਨੂੰ ਗੁਮਰਾਹ ਕਰ ਰਹੇ ਹਨ। ਨੌਜਵਾਨ ਨਵ ਫੈਸ਼ਨੀ ਸਿੱਖ ਯੁਵਕਾਂ ਨੂੰ ਫੁਸਲਾ ਕੇ ਗੁਰੂ ਦੀ ਰਹਿਤ ਅਤੇ ਸਿੱਖੀ ਤੋਂ ਬੇਮੁਖ ਕਰ ਰਹੇ ਹਨ। ਆਪ ਬੇਮੁਖ ਹੋ ਰਹੇ ਹਨ ਅਤੇ ਨੌਆਮੁਜ਼ ਸਿੱਖ ਜੈਂਟਰੀ ਨੂੰ ਕੁਰਾਹੇ ਪਾ ਰਹੇ ਹਨ। ਅਜੇ ਵੇਲਾ ਹੈ ਸੁਮੱਤੇ ਲੱਗ ਜਾਣ। ਗੁਰੂ ਘਰ ਦੇ ਜੈਕਾਰਿਆਂ ਦੀ ਇਜ਼ਤ ਅਕੀਦਤ ਦੇ ਹਾਮੀ ਬਣਿ, ਸਤਿਗੁਰੂ ਸਾਹਿਬ ਉਹਨਾਂ ਉਤੇ ਰਹਿਮਤ ਨਾਜ਼ਲ ਕਰਨਗੇ। ਅਸਾਡੇ 'ਦੋਇਮ ਪੰਥੀਆਂ' ਲਈ ਭੀ ਇਹ ਨਾਦਰ ਤੇ ਸੁਨਹਿਰੀ ਮੌਕਾ ਹੈ ਕਿ ਉਹ ਆਪਣੀ "ਦੋਇਮ ਪੰਥਕੀ" ਬਰਾਦਰੀਆਂ ਵਹਿਦਤਾਂ ਨੂੰ ਛੱਡ ਕੇ ਅਵਲ ਪੰਥੀਆਂ ਵਾਲੀ ਸੱਚੀ ਅਕੀਦਤ ਆ ਗ੍ਰਹਿਣ ਕਰਨ ਅਤੇ ਆਪਣੀਆਂ ਪਿਛਲੀਆਂ ਭੁੱਲਾਂ ਬਖਸ਼ਾਇ ਕੇ ਗੁਰੂ ਪੰਥ ਦੇ ਮੁੜ ਸਚਿਆਰ ਸਿੰਘ ਸੇਵਕ ਸਜ ਜਾਣ। ਇਉਂ ਸਾਰੇ ਹੀ ਵਿਗੜ ਪੰਥੀਏ ਜੇ ਸੁਧਰ ਜਾਣ ਅਤੇ ਸੁਧਰ ਕੇ ਪੰਥ ਗੁਰੂ ਨਾਲ ਇਕ ਮਿਕ ਹੋ ਜਾਣ ਤਾਂ ਅਸੀਂ ਫੇਰ ਕੀਹਦੇ ਲੈਣ ਦੇ ਹਾਂ। ਅਸਾਡੇ ਸਿੱਖ ਰਾਜੇ ਤੇ ਮਹਾਰਾਜੇ ਭੀ ਕਾਂਗਰਸੀ ਦੁਬੇਲਤਾ ਹੇਠੋਂ ਨਿਕਲ ਜਾਣ ਅਤੇ ਨਿਰੇ ਗੁਰੂ ਪ੍ਰਾਇਣ ਹੋ ਜਾਣ। ਪੰਥ ਦੇ ਨਾਲ ਮੋਢੇ ਨਾਲ ਮੋਢਾ ਡਾਹ ਕੇ ਅਸਲੀ ਅਤੇ ਅਮਲੀ ਮੈਦਾਨ ਵਿਚ ਆ ਜਾਣ। ਦੋਇਮ ਪੰਥੀਆਂ ਦੇ ਘਰ ਦੇ ਭੇਤੀ ਨਿਜ ਗਰੁਪੀ ਵਿਰੋਧੀਆਂ ਅਤੇ ਅਵਲ ਪੰਥੀ ਸਦਾਉਣ ਵਾਲਿਆਂ ਦਾ ਭੀ ਅੱਵਲ-ਤਰੀਨ ਫਰਜ਼ ਹੈ ਕਿ ਸਾਰੇ ਵਿਤਕਰੇ ਮਿਟਾਇ ਕੇ, ਟੋਏ ਟਿਬੇ ਲਾਹਿ ਕੇ, ਆਪਣੀ ਵਿਰੋਧਤਾ ਨੂੰ ਛਡ ਕੇ ਸਿਧੇ ਪੱਧਰੇ ਹੋ ਜਾਣ, ਦੁਰੰਗੀ ਛੱਡ ਕੇ ਇਕ ਰੰਗੇ ਹੋ ਜਾਣ, ਆਪਣੇ ਭੁੱਲੜ ਭਰਾਵਾਂ ਨੂੰ ਗਲ ਲਾਉਣ ਅਤੇ ਉਹਨਾਂ ਦੇ ਗਲ ਲੱਗ ਜਾਣ। ਇਉਂ ਸਾਰੇ ਹੀ ਹਉਮੈ ਤਿਆਗ ਕੇ ਨਾਮ ਰੰਗਾਂ ਦੀ ਕੁਠਾਲੀ ਵਿਚ ਢਲ ਜਾਣ। ਆਪੋ ਆਪਣੇ ਇਸ ਬਿਧ ਹਉਮੈ ਰੋਗ ਦੂਰ ਕਰ ਲੈਣ, ਤਾਂ ਉਹ ਦਿਨ ਦੂਰ ਨਹੀਂ ਕਿ ਅਸੀਂ ਮੁੜ ਆਪਣੀ ਕਾਫ਼ੂਰ ਹੋਈ ਅਹਿਮੀਅਤ ਨੂੰ ਬਰਕਰਾਰ ਕਰ ਲਈਏ ਅਤੇ ਸਾਰੀਆਂ ਕੌਮਾਂ ਦੇ ਸਿਰਤਾਜ ਬਣ ਜਾਈਏ, ਜੈਸਾ ਕਿ ਸ੍ਰੀ ਕਲਗੀਧਰ ਜੀ ਨੇ ਸਾਨੂੰ ਸਭ ਦਾ ਸਿਰਤਾਜ ਬਣਾਇਆ ਸੀ। ਇਉਂ ਅਸੀਂ ਲੋਕ ਪ੍ਰਲੋਕ ਵਿਖੇ ਸਰਫ਼ਰਾਜ਼ੀ ਪ੍ਰਾਪਤ ਕਰਨ ਦੇ ਪਾਤਰ ਬਣ ਸਕਦੇ ਹਾਂ।